## ਰਾਜ + ਸੰਘੀ ਕਾਨੂੰਨ

ਗੈਰ-ਦਸਤਾਵੇਜ਼ਿਤ, ਕੁਇਅਰ ਅਤੇ ਟ੍ਰਾਂਸਜੈਂਡਰ (QT) ਇਮੀਗ੍ਰੈਂਟਾਂ ਨੂੰ ਕੈਲੀਫੋਰਨੀਆ ਵਿੱਚ ਬਹੁਤ ਸਾਰੀਆਂ ਜਨਤਕ ਸੇਵਾਵਾਂ ਦੀ ਵਰਤੋਂ ਕਰਨ ਦਾ ਕਾਨੂੰਨੀ ਅਧਿਕਾਰ ਹੈ

ਰਾਜ ਅਤੇ ਸੰਘੀ ਕਾਨੂੰਨ ਤੁਹਾਡੀ ਜਾਣਕਾਰੀ ਦੀ ਗੁਪਤਤਾ ਦੀ ਰੱਖਿਆ ਕਰਦੇ ਹਨ

Medi-Cal ਦੀ ਵਰਤੋਂ ਕਰਨ ਨਾਲ ਤੁਹਾਡੀ ਇਮੀਗ੍ਰੇਸ਼ਨ ਸਥਿਤੀ ਵਿਰਲੇ ਹੀ, ਲਗਭਗ ਕਦੇ ਵੀ ਨਹੀਂ ਪ੍ਰਭਾਵਿਤ ਹੁੰਦੀ। ➤ ਵੇਰਵਿਆਂ ਲਈ QR ਕੋਡ ਨੂੰ ਸਕੈਨ ਕਰੋ।

## ਯਾਦ ਰੱਖਣ ਯੋਗ ਮਹੱਤਵਪੂਰਨ ਗੱਲਾਂ

ਆਪਣੀ ਸਿਹਤ-ਸੰਭਾਲ ਯੋਜਨਾ ਨੂੰ ਕਿਰਿਆਸ਼ੀਲ ਰੱਖਣ ਲਈ ਹਰ 12 ਮਹੀਨਿਆਂ ਬਾਅਦ ਆਪਣੀ Medi-Cal ਨੂੰ ਨਵਿਆਓ

ਸ਼ਿਕਾਇਤ ਦਰਜ ਕਰਨ ਨਾਲ ਤੁਹਾਡੇ ਅਤੇ ਹੋਰ QT ਲੋਕਾਂ ਲਈ ਸਿਹਤ-ਸੰਭਾਲ ਵਿੱਚ ਸੁਧਾਰ ਕਰਨ ਵਿੱਚ ਮਦਦ ਮਿਲਦੀ ਹੈ।

ਸ਼ਿਕਾਇਤ ਦਰਜ ਕਰਨ ਲਈ ਤੁਹਾਡੇ 'ਤੇ ਕੋਈ ਵੀ ਜੁਰਮਾਨਾ ਨਹੀਂ ਲਗਾਇਆ ਜਾਵੇਗਾ--ਇਹ ਮੁਫ਼ਤ ਹੈ, ਅਤੇ ਕਾਨੂੰਨੀ ਤੌਰ 'ਤੇ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਨੂੰਨ

1 ਜਨਵਰੀ, 2024 ਤੋਂ ਸ਼ੁਰੂ ਕਰਦੇ ਹੋਏ MEDI-CAL ਪ੍ਰਾਪਤ ਕਰਨ ਲਈ **ਇਮੀਗ੍ਰੇਸ਼ਨ ਸਥਿਤੀ ਕੋਈ ਮਾਇਨੇ ਨਹੀਂ ਰੱਖਦੀ**

ਹੋਰ ਸਰੋਤਾਂ ਲਈ QR ਕੋਡ ਨੂੰ ਸਕੈਨ ਕਰੋ

ਇਹਨਾਂ ਦੁਆਰਾ ਸਮਰਥਿਤ

CALIFORNIA LGBTQ HEALTH AND HUMAN SERVICES NETWORK

PLASCENCIA CONSULTING

all in HEALTH CARE FOR ALL FAMILIES — A PROJECT OF The Children's Partnership

CALIFORNIA PROTECTING IMMIGRANT FAMILIES

*ਕੁਇਅਰ + ਟ੍ਰਾਂਸਜੈਂਡਰ (QT): ਵਿਆਪਕ LGBTQIA2S+ ਭਾਈਚਾਰਿਆਂ ਦਾ ਵਰਣਨ ਕਰਨ ਲਈ ਲੈਂਗਿਕਤਾ + ਲਿੰਗ ਸ਼ਬਦ

# ਕੈਲੀਫੋਰਨੀਆ ਵਿੱਚ ਕੁਇਅਰ ਅਤੇ ਟ੍ਰਾਂਸਜੈਂਡਰ ਇਮੀਗ੍ਰੈਂਟ ਸਿਹਤ



2024

## MEDI-CAL ਵਿੱਚ ਨਾਮ ਦਰਜ ਕਰਵਾਉਣਾ, ਸੇਵਾਵਾਂ ਤੱਕ ਪਹੁੰਚ ਕਰਨਾ ਅਤੇ ਸ਼ਿਕਾਇਤਾਂ ਦਾਇਰ ਕਰਨਾ

# 2024 ਯੋਗਤਾ

**ਇਮੀਗ੍ਰੇਸ਼ਨ ਸਥਿਤੀ ਕੋਈ ਮਾਇਨੇ ਨਹੀਂ ਰੱਖਦੀ**

ਤੁਸੀਂ Medi-Cal ਲਈ ਯੋਗ ਹੋ ਜੇ ਤੁਸੀਂ:

- ਕੈਲੀਫੋਰਨੀਆ ਵਿੱਚ ਰਹਿੰਦੇ ਹੋ
- ਘਰ ਦੀ ਆਮਦਨੀ ਸੰਬੰਧੀ ਯੋਗਤਾ ਨੂੰ ਪੂਰਾ ਕਰਦੇ ਹੋ

ਇਹ ਦੇਖਣ ਲਈ ਕਿ ਕੀ ਤੁਸੀ ਅਤੇ ਤੁਹਾਡਾ ਪਰਿਵਾਰ ਯੋਗ ਹੋ, ਹੇਠਾਂ ਆਮਦਨ ਯੋਗਤਾ ਚਾਰਟ ਦੀ ਵਰਤੋਂ ਕਰੋ:

| ਪਰਿਵਾਰ ਦਾ ਆਕਾਰ | 138% ਗਰੀਬੀ ਦਾ ਪੱਧਰ |
|---|---|
| 1 | $20,783 |
| 2 | $28,208 |
| 3 | $35,632 |
| 4 | $43,056 |
| 5 | $50,481 |
| 6 | $57,905 |
| 7 | $65,330 |
| 8 | $72,754 |

- ਬੱਚਿਆਂ, ਗਰਭਵਤੀ ਔਰਤਾਂ ਅਤੇ ਅਪਾਹਜ ਲੋਕਾਂ ਲਈ ਆਮਦਨੀ ਦੀਆਂ ਲੋੜਾਂ ਵੱਖ-ਵੱਖ ਹਨ

# ਨਾਮ ਦਰਜ ਕਰਾਉਣ ਦੀ ਪ੍ਰਕਿਰਿਆ

**1. ਆਪਣੇ ਦਸਤਾਵੇਜ਼ ਇਕੱਠੇ ਕਰੋ**

- ਪਛਾਣ: ਡ੍ਰਾਈਵਰ ਦਾ ਲਾਇਸੈਂਸ ਜਾਂ ਫੋਟੋ ਆਈਡੀ--ਪਾਸਪੋਰਟ, ਸਕੂਲ ਆਈਡੀ, ਵਿਆਹ ਦਾ ਰਿਕਾਰਡ, ਕੰਮ ਦਾ ਬੈਜ, ਘਰੇਲੂ ਦੇਸ਼ ਦੀ ਆਈਡੀ
- ਆਮਦਨੀ ਦਾ ਸਬੂਤ: ਤਨਖਾਹ ਦੀ ਪਰਚੀ, ਬੈਂਕ ਸਟੇਟਮੈਂਟ ਜਾਂ ਲਿਖਤੀ ਸਟੇਟਮੈਂਟ
- ਪਤੇ ਦਾ ਸਬੂਤ: ਟੈਲੀਫ਼ੋਨ ਜਾਂ ਬਿਜਲੀ ਦਾ ਬਿੱਲ - ਬੇਘਰ ਲੋਕ ਵੀ ਯੋਗ ਹਨ

**2. ਅਰਜ਼ੀ ਨੂੰ ਪੂਰਾ ਕਰੋ**

- ਫ਼ੋਨ ਦੁਆਰਾ ਨਾਮ ਦਰਜ ਕਰੋ: (800) 300-1506
- ਔਨਲਾਈਨ ਨਾਮ ਦਰਜ ਕਰਾਓ: BenefitsCal.com
- ਵਿਅਕਤੀਗਤ ਤੌਰ 'ਤੇ (IN-PERSON) ਨਾਮ ਦਰਜ ਕਰਾਓ:

- ਵਿਅਕਤੀਗਤ ਤੌਰ 'ਤੇ ਨਾਮ ਦਰਜ ਕਰਾਉਣ ਲਈ ਪਿਛਲੇ ਪਾਸੇ QR ਕੋਡ ਨੂੰ ਸਕੈਨ ਕਰੋ + ਆਪਣੇ ਨੇੜੇ ਮਦਦ ਲੱਭੋ

**3. ਅਰਜ਼ੀ ਦੇ ਨੋਟਿਸ ਦੀ ਉਡੀਕ ਕਰੋ**

- ਉਡੀਕ ਸਮਾਂ, 45 ਦਿਨਾਂ ਤੋਂ ਵੱਧ ਨਹੀਂ
- ਜੇਕਰ ਮਨਜ਼ੂਰ ਕੀਤਾ ਜਾਂਦਾ ਹੈ, ਤਾਂ ਸੇਵਾਵਾਂ ਲਈ ਸਾਈਨ-ਅੱਪ ਕਰੋ
- ਜੇਕਰ ਅਸਵੀਕਾਰ ਕੀਤਾ ਜਾਂਦਾ ਹੈ, ਤਾਂ ਅਪੀਲ ਦਾਇਰ ਕਰੋ

# ਸ਼ਿਕਾਇਤ ਦਾਇਰ ਕਰੋ

**ਸ਼ਿਕਾਇਤ ਦਾਇਰ ਕਰਨਾ ਪ੍ਰਭਾਵਸ਼ਾਲੀ ਹੈ ਅਤੇ QT ਸਿਹਤ-ਸੰਭਾਲ ਪ੍ਰਕਿਰਿਆ ਦਾ ਹਿੱਸਾ ਹੈ**

ਤੁਹਾਡੇ ਲਈ ਲੋੜੀਂਦੀ ਡਾਕਟਰੀ ਤੌਰ 'ਤੇ ਜ਼ਰੂਰੀ ਸਿਹਤ-ਸੰਭਾਲ ਪ੍ਰਾਪਤ ਕਰਨ ਲਈ ਇਨਕਾਰ ਕਰਨ ਨੂੰ ਚੁਣੌਤੀ ਦਿਓ।

**1. ਮਜ਼ਬੂਤ ਸ਼ਿਕਾਇਤ ਤਿਆਰ ਕਰੋ**

- ਡਾਕਟਰ ਤੋਂ ਇੱਕ ਚਿੱਠੀ ਜਿਸ ਵਿੱਚ ਦੱਸਿਆ ਗਿਆ ਹੈ ਕਿ ਇਹ ਪ੍ਰਕਿਰਿਆ ਡਾਕਟਰੀ ਤੌਰ 'ਤੇ ਜ਼ਰੂਰੀ ਹੈ, ਅਤੇ ਤੁਹਾਡੀ ਸ਼ਿਕਾਇਤ ਦਾ ਸਮਰਥਨ ਕਰਨ ਵਾਲੇ ਦਸਤਾਵੇਜ਼ ਇਕੱਠੇ ਕਰੋ
- ਇਹ ਪਛਾਣ ਕਰਨ ਲਈ ਕਵਰੇਜ ਦੇ ਸਬੂਤ ਦੀ ਸਮੀਖਿਆ ਕਰੋ ਕਿ ਤੁਸੀਂ ਕਿਉਂ ਸੋਚਦੇ ਹੋ ਕਿ ਕੋਈ ਸੇਵਾ ਕਵਰ ਕੀਤੀ ਜਾਂਦੀ ਹੈ

**2. ਮੈਡੀਕਲ ਯੋਜਨਾ ਦੇ ਕੋਲ ਸ਼ਿਕਾਇਤ ਦਰਜ ਕਰੋ**

- ਉਹਨਾਂ ਦਾ ਫ਼ੋਨ ਨੰਬਰ ਆਪਣੇ ਮੈਡੀਕਲ ਕਾਰਡ ਦੇ ਪਿਛਲੇ ਪਾਸੇ ਲੱਭੋ
- ਆਪਣਾ ਮਾਮਲੇ ਅਤੇ ਕਾਹਲ ਦੀ ਵਿਆਖਿਆ ਕਰੋ
- ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਲਈ ਅਕਸਰ ਵਾਪਸ ਕਾਲ ਕਰੋ

**3. ਕੈਲੀਫੋਰਨੀਆ ਪ੍ਰਬੰਧਿਤ ਸਿਹਤ-ਸੰਭਾਲ ਵਿਭਾਗ (DEPARTMENT OF MANAGED HEALTH CARE) ਕੋਲ ਅਪੀਲ ਦਾਇਰ ਕਰੋ**

- ਜੇ ਮੈਡੀਕਲ ਪਲਾਨ ਤੁਹਾਡੇ ਦਾਅਵੇ ਤੋਂ ਇਨਕਾਰ ਕਰਦਾ ਹੈ, ਤਾਂ ਅਪੀਲ ਦਾਇਰ ਕਰਨ ਲਈ (888) 466-2219 'ਤੇ ਕਾਲ ਕਰੋ ਜਾਂ dmhc.ca.gov (IMR ਸ਼ਿਕਾਇਤ ਫਾਰਮ) 'ਤੇ ਜਾਓ
- ਆਪਣੇ ਕੇਸ ਦੀ ਵਿਆਖਿਆ ਕਰੋ ਅਤੇ ਅਕਸਰ ਕਾਲ ਕਰੋ

# MEDI-CAL ਸੇਵਾਵਾਂ

**ਸਿਹਤ ਸੰਭਾਲ ਸੇਵਾਵਾਂ ਦੀ ਪੁਸ਼ਟੀ ਕਰਨਾ**

- ਨੁਸਖ਼ੇ ਵਾਲੀਆਂ ਦਵਾਈਆਂ:
  - ਹਾਰਮੋਨ
  - ਟੈਸਟੋਸਟੇਰੋਨ ਬਲੌਕਰ
  - ਜਵਾਨੀ ਨੂੰ ਰੋਕਣਾ

- ਸਾਰੀਆਂ Medi-Cal ਸੇਵਾਵਾਂ ਦੀ ਸੂਚੀ ਦੇਖਣ ਲਈ ਪਿਛਲੇ ਪਾਸੇ QR ਕੋਡ ਨੂੰ ਸਕੈਨ ਕਰੋ

**ਡਾਇਸਫੋਰੀਆ (DYSPHORIA) ਦੇ ਇਲਾਜ ਲਈ ਸੇਵਾਵਾਂ + ਸਰਜਰੀ ਡਾਕਟਰੀ ਤੌਰ 'ਤੇ ਜ਼ਰੂਰੀ ਹਨ, ਕਾਸਮੈਟਿਕ ਨਹੀਂ**

- ਛਾਤੀ ਨੂੰ ਹਟਾਉਣਾ / ਵਧਾਉਣਾ
- ਚਿਹਰੇ ਦਾ ਨਾਰੀਕਰਨ (Facial Feminization) / ਮਰਦਾਨਾਕਰਨ (Masculinization)
- ਟ੍ਰੈਚਿਅਲ ਸ਼ੇਵ (Tracheal Shave)
- ਅਵਾਜ਼ ਸਿਖਲਾਈ / ਥੈਰੇਪੀ
- ਅਵਾਜ਼ ਦੀ ਸਰਜਰੀ
- ਵਾਲਾਂ ਦੀ ਬਹਾਲੀ
- ਲੇਜ਼ਰ ਨਾਲ ਵਾਲ ਹਟਾਉਣਾ, ਇਲੈਕਟ੍ਰੋਲਾਈਸਿਸ (Electrolysis)
- ਬਾਡੀ ਨਕਸ਼ ਬਣਾਉਣੇ (Body Contouring)
- ਹਿਸਟੇਰੇਕਟੋਮੀ (Hysterectomy), ਫੈਲੋਪਲਾਸਟੀ (Phalloplasty) ਅਤੇ ਮੇਟੋਇਡੀਓਪਲਾਸਟੀ (Metoidioplasty)
- ਆਰਕੀਕਟੋਮੀ (Orchiectomy) ਅਤੇ ਵੈਜੀਨੋਪਲਾਸਟੀ (Vaginoplasty)

- ਜੇ ਤੁਹਾਨੂੰ ਸੂਚੀਬੱਧ ਸੇਵਾ ਤੋਂ ਇਨਕਾਰ ਕੀਤਾ ਜਾਂਦਾ ਹੈ, ਤਾਂ ਇੱਕ ਮਜ਼ਬੂਤ ਸ਼ਿਕਾਇਤ ਦਰਜ ਕਰਨ ਲਈ ਉੱਪਰ ਦਿੱਤੇ ਕਦਮਾਂ ਦੀ ਪਾਲਣਾ ਕਰੋ